
PUNJABI and ENGLISH


Amar's Last Wish



Written by Parvez Akhtar
Illustrated by Keir Wickenham
Edited by Gail Chester

magi

ਅਮਰ ਦੀ ਆਖਰੀ ਇੱਛਾ



Written by **Parvez Akhtar** *Edited by* **Gail Chester**

Illustrated by **Keir Wickenham**

Translated into Punjabi by **Swaran Chandan**

It was the first day of the holidays. Amar and his parents and Charlie the dog were walking along the beach. Amar and Charlie felt adventurous and ran on ahead of the grownups.
Suddenly Charlie picked up an odd-looking bottle and brought it to Amar. When he pulled out the stopper, a sprite emerged.
Amar was astonished and a bit scared. "Don't be frightened," said the sprite, "I can grant you three wishes."
"Ooh!" said Amar, "My first wish is to have an adventure!"

ਛੁੱਟੀਆਂ ਦਾ ਪਹਿਲਾ ਦਿਨ ਸੀ। ਅਮਰ, ਉਸਦੇ ਮਾਤਾ ਪਿਤਾ ਅਤੇ ਉਸ ਦਾ ਕੁੱਤਾ ਚਾਰਲੀ ਸਮੁੰਦਰ ਦੇ ਕੰਢੇ (ਬੀਚ) ਤੇ ਸੈਰ ਕਰ ਰਹੇ ਸਨ। ਅਮਰ ਅਤੇ ਚਾਰਲੀ ਖੇਲ ਦੇ ਜੋਸ਼ ਵਿਚ ਸਨ ਅਤੇ ਉਹ ਬਾਕੀ ਲੋਕਾਂ ਨਾਲੋਂ ਅੱਗੇ ਨਿਕਲ ਗਏ।
ਅਚਾਨਕ ਚਾਰਲੀ ਇਕ ਅਜੀਬ ਜਿਹੀ ਬੋਤਲ ਚੁੱਕ ਕੇ ਅਮਰ ਦੇ ਕੋਲ ਲੈ ਆਇਆ। ਜਦੋਂ ਉਸਨੇ ਢੱਕਣ ਖੋਲ੍ਹਿਆ ਤਾਂ ਉਸਦੇ ਵਿਚੋਂ ਇਕ ਪਰੀ ਬਾਹਰ ਨਿਕਲ ਆਈ। ਅਮਰ ਹੈਰਾਨ ਹੋ ਗਿਆ ਅਤੇ ਕੁਝ ਡਰ ਵੀ ਗਿਆ। "ਘਬਰਾਓ ਨਹੀਂ," ਪਰੀ ਬੋਲੀ, "ਮੈਂ, ਤੈਨੂੰ ਤਿੰਨ ਵਰ ਦੇ ਸਕਦੀ ਹਾਂ।"
"ਵਾਹ ਖੂਬ!" ਅਮਰ ਬੋਲਿਆ, "ਮੇਰੀ ਪਹਿਲੀ ਇੱਛਾ ਤਾਂ ਇੱਕ ਅਨੋਖਾ ਸਾਹਸੀ ਅਨੁਭਵ ਕਰਨ ਦੀ ਹੈ।"



ICE
CREAM
ROCK
FUDGE
BERT'S
FISH
'N' CHIPS

In the twinkling of an eye, Amar found himself in another world. He was standing among strange-looking stones and gnarled, twisted trees covered with moss and creepers. A stream ran nearby and beyond it he saw trees like the ones at home. He started towards them, but as he turned in that direction, some birds flew at him, driving him back towards the twisted forest.

ਅੱਖ ਦੇ ਫੇਰ ਵਿਚ ਹੀ ਅਮਰ ਨੇ ਆਪਣੇ ਆਪ ਨੂੰ ਇਕ ਨਵੀਂ ਦੁਨੀਆਂ ਵਿਚ ਵੇਖਿਆ। ਉਹ ਅਜੀਬੋ-ਗਰੀਬ ਪੱਥਰਾਂ ਅਤੇ ਗੰਢਾਂ-ਗੁੰਝਲਾਂ (ਕੁੰਡਲਾਂ ਜਾਂ ਲਪੇਟਾਂ) ਵਾਲੇ ਦਰਖਤਾਂ ਵਿਚ ਖੜ੍ਹਾ ਸੀ, ਜਿਹੜੇ ਕਾਈ ਅਤੇ ਵੇਲਾਂ ਨਾਲ ਢੱਕੇ ਹੋਏ ਸਨ। ਕੋਲ ਹੀ ਇਕ ਨਦੀ ਵਹਿ ਰਹੀ ਸੀ ਜਿਸਦੇ ਪਾਰ ਉਸਨੂੰ ਆਪਣੇ ਘਰ ਵਰਗੇ ਦਰਖਤ ਨਜ਼ਰ ਆ ਰਹੇ ਸਨ। ਪਰ ਜਿਉਂ ਹੀ ਉਹ ਅੱਗੇ ਵਧਣ ਲਈ ਉਸ ਦਿਸ਼ਾ ਵਿਚ ਮੁੜਿਆ ਕੁਝ ਪੰਛੀ ਝਪਟਕੇ ਉਸਦੇ ਵੱਲ ਆਏ ਅਤੇ ਉਸਨੂੰ ਵਾਪਸ ਜੰਗਲ ਵੱਲ ਮੋੜ ਦਿੱਤਾ।



The birds were so fierce that Amar gave in and walked back into the forest. There was a strange silence under the dense branches. Only the creepers swayed gently, although there wasn't any wind.
Suddenly the forest grew dark, as if there were an eclipse of the sun. Amar looked up and was terrified to see that the shadow came from an enormous giant who was striding along at the edge of the trees.

ਉਹ ਇੰਨੇ ਭਿਆਨਕ ਸਨ ਕਿ ਹਾਰ ਮੰਨ ਕੇ ਅਮਰ ਵਾਪਸ ਜੰਗਲ ਵਿਚ ਚਲਾ ਗਿਆ। ਘਣੀਆਂ ਟਾਹਣੀਆਂ ਦੇ ਹੇਠਾਂ ਇਕ ਅਜੀਬ ਚੁੱਪ ਸੀ। ਹਾਲਾਂਕਿ ਹਵਾ ਬਿਲਕੁਲ ਨਹੀਂ ਸੀ ਚਲ ਰਹੀ, ਫਿਰ ਵੀ ਵੇਲਾਂ ਹੌਲੀ ਹੌਲੀ ਡਲ ਰਹੀਆਂ ਸਨ।
ਅਚਾਨਕ ਜੰਗਲ ਵਿਚ ਹਨੇਰਾ ਹੋ ਗਿਆ, ਜਿਵੇਂ ਸੂਰਜ ਨੂੰ ਗ੍ਰਹਿਣ ਲੱਗ ਗਿਆ ਹੋਵੇ। ਅਮਰ ਨੇ ਉੱਪਰ ਵੇਖਿਆ ਅਤੇ ਇਹ ਵੇਖ ਕੇ ਡਰ ਗਿਆ ਕਿ ਇਹ ਸਭ ਇਕ ਵਿਸ਼ਾਲ ਦੈਂਤ ਦੇ ਪਰਛਾਵੇਂ ਦੇ ਕਾਰਣ ਸੀ ਜਿਹੜਾ ਲੰਮੇ ਲੰਮੇ ਕਦਮ ਰੱਖਦਾ ਹੋਇਆ ਦਰਖਤਾਂ ਦੇ ਕਿਨਾਰੇ ਤੇ ਚੱਲ ਰਿਹਾ ਸੀ।



When the giant had passed, Amar cautiously walked on again. It was hot and he was tired of carrying the sprite's bottle, so he tied it round his waist with a bit of creeper. He longed for an ice-cream and thought of wishing for one. "No," he thought, "I must keep the wishes for important things."

Then he saw a large fortress in the distance and went towards it. Perhaps there would be ice-cream there!

ਜਦ ਦੈਂਤ ਨਿਕਲ ਗਿਆ ਤਾਂ ਅਮਰ ਨੇ ਸੁਚੇਤ ਹੋ ਕੇ ਦੁਬਾਰਾ ਚਲਣਾ ਸ਼ੁਰੂ ਕਰ ਦਿੱਤਾ। ਗਰਮੀ ਬਹੁਤ ਸੀ ਅਤੇ ਪਰੀ ਵਾਲੀ ਬੋਤਲ ਚੁੱਕ ਕੇ ਤੁਰਦੇ-ਤੁਰਦੇ ਉਹ ਥੱਕ ਗਿਆ। ਉਸਨੇ ਇਕ ਵੇਲ ਦੇ ਟੁਕੜੇ ਨਾਲ ਬੋਤਲ ਨੂੰ ਆਪਣੀ ਕਮਰ ਨਾਲ ਬੰਨ੍ਹ ਲਿਆ। ਗਰਮੀ ਦੇ ਕਾਰਣ ਥੋੜੀ ਦੇਰ ਲਈ ਉਸਦਾ ਧਿਆਨ ਆਈਸ-ਕਰੀਮ ਵੱਲ ਵੀ ਗਿਆ ਅਤੇ ਉਸਦਾ ਵਰ ਮੰਗਣ ਬਾਰੇ ਵੀ ਸੋਚਿਆ। "ਪਰ ਨਹੀਂ, ਵਰ ਮੈਨੂੰ ਖਾਸ ਗੱਲਾਂ ਵਾਸਤੇ ਹੀ ਰੱਖਣੇ ਚਾਹੀਦੇ ਹਨ।" ਅਖੀਰ ਵਿਚ ਉਸਨੇ ਇਹੋ ਫੈਸਲਾ ਕੀਤਾ।

ਦੂਰ ਉਸਨੂੰ ਇਕ ਕਿਲਾ ਨਜ਼ਰ ਆਇਆ ਅਤੇ ਉਹ ਉਸੇ ਪਾਸੇ ਚਲ ਪਿਆ। ਸੋਚਿਆ ਕਿ ਸ਼ਾਇਦ ਉੱਥੇ ਆਈਸਕਰੀਮ ਵੀ ਮਿਲ ਜਾਵੇ।



The fortress was absolutely enormous, much bigger than any house Amar had ever seen before. "I hope it's not the giant's home," he thought. He walked boldly up to the strong wooden door. It was slightly ajar, but Amar was a polite little boy and knocked first. Nobody came. He knocked again, but there was no reply. He pushed the door open and went inside.

ਕਿਲਾ ਬਹੁਤ ਵੱਡਾ ਸੀ, ਜਿਸ ਤਰ੍ਹਾਂ ਦੇ ਮਕਾਨ ਅਮਰ ਨੇ ਦੇਖੇ ਹੋਏ ਸਨ ਉਹ ਉਹਨਾਂ ਸਾਰਿਆਂ ਤੋਂ ਵੱਡਾ ਸੀ। "ਕਿਤੇ ਇਹ ਉਸ ਦੈਂਤ ਦਾ ਘਰ ਤਾਂ ਨਹੀਂ," ਉਸਦੇ ਮਨ ਵਿਚ ਆਇਆ। ਹੌਸਲੇ ਨਾਲ ਉਹ ਲਕੜੀ ਦੇ ਮਜ਼ਬੂਤ ਫਾਟਕ ਤੱਕ ਪਹੁੰਚ ਗਿਆ। ਫਾਟਕ ਅੱਧਾ ਖੁਲ੍ਹਾ ਸੀ ਪਰ ਫਿਰ ਵੀ ਇਕ ਸੁਸ਼ੀਲ ਬਾਲਕ ਵਾਂਗ ਉਸਨੇ ਪਹਿਲਾਂ ਦਸਤਕ ਦਿੱਤੀ। ਜਵਾਬ ਨਾ ਮਿਲਣ ਤੇ ਉਸਨੇ ਦੁਬਾਰਾ ਖੜਕਾਇਆ, ਪ੍ਰੰਤੂ ਫੇਰ ਵੀ ਕੋਈ ਜਵਾਬ ਨਾ ਆਇਆ। ਹਾਰ ਕੇ ਉਹ ਫਾਟਕ ਖੋਲ੍ਹ ਕੇ ਅੰਦਰ ਚਲਾ ਗਿਆ।



It was dark and gloomy, but Amar was so tired by now that he didn't care if he *did* meet the giant! Suddenly he heard a voice call out, "Who's there?"
He turned a corner and found a young woman locked in a cell.
"Who are you?" asked Amar.
"I'm Princess Adela," she said. "The giant locked me up here. Will you help me escape?"
"Yes, of course," said Amar. "But why did he imprison you?"

ਅੰਦਰ ਘੁੱਪ ਹਨੇਰਾ ਅਤੇ ਚਾਰੋਂ ਤਰਫ ਉਦਾਸੀ ਛਾਈ ਹੋਈ ਸੀ। ਪਰ ਅਮਰ ਇੰਨਾਂ ਥੱਕ ਚੁਕਿਆ ਸੀ ਕਿ ਹੁਣ ਉਸਨੂੰ ਦੈਂਤ ਨੂੰ ਮਿਲਣ ਤੋਂ ਵੀ ਡਰ ਨਹੀਂ ਸੀ ਲੱਗ ਰਿਹਾ। ਅਚਾਨਕ ਉਸਨੇ ਇਕ ਆਵਾਜ਼ ਸੁਣੀ, "ਇੱਥੇ ਕੌਣ ਹੈ?"
ਜਿਊਂ ਹੀ ਉਹ ਇਕ ਨੁਕਰ ਤੇ ਮੁੜਿਆ, ਇਕ ਕੋਠੜੀ ਵਿਚ ਇਕ ਜਵਾਨ ਔਰਤ ਬੰਦ ਨਜ਼ਰ ਆਈ। ਅਮਰ ਨੇ ਪੁਛਿਆ, "ਤੁਸੀਂ ਕੌਣ ਹੋ?"
"ਮੈਂ ਰਾਜਕੁਮਾਰੀ ਅਡੇਲਾ ਹਾਂ," ਉਸ ਨੇ ਕਿਹਾ। "ਦੈਂਤ ਨੇ ਮੈਨੂੰ ਇੱਥੇ ਬੰਦ ਕਰ ਰੱਖਿਆ ਹੈ, ਕੀ ਤੂੰ ਮੇਰੀ ਮਦਦ ਕਰੇਂਗਾ?"
"ਹਾਂ ਜ਼ਰੂਰ" — ਅਮਰ ਨੇ ਕਿਹਾ। "ਪਰ ਉਸਨੇ ਤੁਹਾਨੂੰ ਕੈਦ ਕਿਉਂ ਕੀਤਾ?"



"My father used to be king here," said the princess, "but one day the giant attacked us and took over the land. My father's army fought bravely, but the giant turned the soldiers into stones, and the courtiers into trees and birds. They were the ones who guided you here."
"How can I free you?" asked Amar.
"The giant sleeps in the next room and hides the key under his pillow," said Princess Adela. "A dragon guards him, so you must kill it, then steal the key."

''ਮੇਰੇ ਪਿਤਾ ਜੀ ਇਥੋਂ ਦੇ ਰਾਜਾ ਸਨ,'' ਰਾਜਕੁਮਾਰੀ ਨੇ ਦਸਿਆ, ''ਪਰ ਇਕ ਦਿਨ ਦੈਂਤ ਨੇ ਸਾਡੇ ਤੇ ਹਮਲਾ ਕਰਕੇ ਸਾਡੀ ਸਾਰੀ ਜ਼ਮੀਨ ਖੋਹ ਲਈ। ਸਾਡੀ ਫੌਜ ਨੇ ਡਟ ਕੇ ਮੁਕਾਬਲਾ ਕੀਤਾ ਪਰ ਦੈਂਤ ਨੇ ਸੈਨਕਾਂ ਨੂੰ ਪੱਥਰ ਬਣਾ ਦਿੱਤਾ ਅਤੇ ਰਾਜ-ਦਰਬਾਰੀਆਂ ਨੂੰ ਰੁੱਖਾਂ ਅਤੇ ਪੰਛੀਆਂ ਵਿਚ ਬਦਲ ਦਿੱਤਾ। ਉਨ੍ਹਾਂ ਨੇ ਹੀ ਤੈਨੂੰ ਇਸ ਪਾਸੇ ਦਾ ਰਾਹ ਦਿਖਾਇਆ ਸੀ।''
''ਮੈਂ ਤੁਹਾਨੂੰ ਕਿਵੇਂ ਛੁਡਾ ਸਕਦਾ ਹਾਂ?'' ਅਮਰ ਨੇ ਪੁਛਿਆ।
''ਦੈਂਤ ਨਾਲ ਦੇ ਕਮਰੇ ਵਿਚ ਸੌਂਦਾ ਹੈ ਅਤੇ ਚਾਬੀ ਆਪਣੇ ਸਰਹਾਣੇ ਦੇ ਹੇਠਾਂ ਰਖਦਾ ਹੈ,'' ਰਾਜਕੁਮਾਰੀ ਅਡੇਲਾ ਨੇ ਦਸਿਆ।
'ਇਕ ਅਜਗਰ ਉਸਦੀ ਰੱਖਿਆ ਕਰਦਾ ਹੈ, ਸੋ ਪਹਿਲਾਂ ਤੂੰ ਉਸਨੂੰ ਮਾਰ ਕੇ ਚਾਬੀ ਚੁਰਾ ਲਿਆ।''



"I can't do all those brave things," thought Amar, who by now had forgotten his magic bottle.
The princess went on, "Outside the fortress is a brightly-coloured bird which will lead you to a deep well where my father's bow and arrows are hidden."
Amar went outside and the bird led him to the well, just as Princess Adela had said. Amar pulled up the bucket and found the bow and arrows inside. Then he slipped back to the castle to wait for nightfall.

"ਪਰ ਮੈਂ ਇਹ ਸਭ ਕੁਝ ਕਿਵੇਂ ਕਰ ਸਕਦਾ ਹਾਂ" — ਅਮਰ ਨੇ ਸੋਚਿਆ। ਹੁਣ ਤੱਕ ਉਹ ਆਪਣੀ ਜਾਦੂ-ਵਾਲੀ ਬੋਤਲ ਬਾਰੇ ਵੀ ਭੁੱਲ ਚੁੱਕਾ ਸੀ।
"ਰਾਜਕੁਮਾਰੀ ਨੇ ਕਿਹਾ, "ਕਿਲੇ ਦੇ ਬਾਹਰ ਇਕ ਖ਼ੂਬ ਰੰਗ-ਬਿਰੰਗਾ ਪੰਛੀ ਹੈ। ਉਹ ਤੈਨੂੰ ਉਸ ਡੂੰਘੇ ਖੂਹ ਤੱਕ ਲੈ ਜਾਵੇਗਾ ਜਿੱਥੇ ਮੇਰੇ ਪਿਤਾ ਜੀ ਦੇ ਧਨੁੱਸ਼ ਤੇ ਬਾਣ ਛਿਪਾ ਕੇ ਰੱਖੇ ਹੋਏ ਹਨ।
ਅਮਰ ਬਾਹਰ ਗਿਆ ਅਤੇ ਠੀਕ ਜਿਸ ਤਰ੍ਹਾਂ ਰਾਜਕੁਮਾਰੀ ਨੇ ਕਿਹਾ ਸੀ ਪੰਛੀ ਉਸਨੂੰ ਖੂਹ ਤੱਕ ਲੈ ਗਿਆ। ਅਮਰ ਨੇ ਬਾਲਟੀ ਉੱਪਰ ਖਿਚ ਲਈ ਅਤੇ ਉਸਦੇ ਵਿਚੋਂ ਧਨੁੱਸ਼ ਤੇ ਬਾਣ ਕੱਢ ਲਏ। ਫਿਰ ਉਹ ਚੁਪ-ਚਾਪ ਰਾਤ ਦੀ ਉਡੀਕ 'ਚ ਵਾਪਸ ਕਿਲੇ ਵਿਚ ਘੁਸ ਗਿਆ।



At midnight, when he heard the giant snoring, Amar crept into the giant's bedroom and tip-toed across the floor. Although Amar was very quiet, the dragon saw him. It rose up and lunged fiercely at him, flames shooting from its mouth. Amar was very frightened — he was afraid the flames would burn the bowstring. But he held his ground bravely and took aim at the dragon.

ਅੱਧੀ ਰਾਤੀਂ ਜਦੋਂ ਅਮਰ ਨੇ ਦੈਂਤ ਨੂੰ ਘਰਾੜੇ ਮਾਰਦੇ ਸੁਣਿਆਂ ਤਾਂ ਉਹ ਉਸਦੇ ਕਮਰੇ ਵਿਚ ਵੜ ਕੇ ਪੱਬਾਂ ਦੇ ਭਾਰ ਫਰਸ਼ ਤੇ ਚਲਣ ਲਗਾ ਹਾਲਾਂਕਿ ਅਮਰ ਬਿਲਕੁਲ ਚੁੱਪ ਚਾਪ ਸੀ ਤਾਂ ਵੀ ਅਜਗਰ ਨੇ ਉਸਨੂੰ ਦੇਖ ਲਿਆ। ਖੜਾ ਹੋ ਕੇ ਉਸ ਨੇ ਅਮਰ ਤੇ ਝਪਟ ਮਾਰੀ ਅਤੇ ਉਸਦੇ ਮੂੰਹੋਂ ਅੱਗ ਵਰ੍ਹਨ ਲੱਗੀ। ਅਮਰ ਬਹੁਤ ਸਹਿਮ ਗਿਆ — ਉਸਨੂੰ ਡਰ ਸੀ ਕਿ ਕਿਤੇ ਅੱਗ ਦੀਆਂ ਲਪਟਾਂ ਧਨੁੱਸ਼ ਦੀ ਡੋਰੀ ਨੂੰ ਸਾੜ ਨਾ ਦੇਣ। ਪਰ ਉਹ ਹੌਂਸਲੇ ਨਾਲ ਡੱਟਿਆ ਰਿਹਾ ਅਤੇ ਉਸਨੇ ਅਜਗਰ ਤੇ ਤੀਰ ਸਾਧ ਲਿਆ।



Amar's aim was true. The arrow sank deep into the dragon's throat and it fell dead on the floor. Amar was sure that the commotion would awaken the giant, but instead he heard a little voice say, "Well done! But you must be careful, or the giant will eat you alive!"
Startled, Amar turned and saw a mouse perched on a chair.
"I'm trying to free the princess," said Amar, "but the giant has the key. Will you help?"
"Of course," said the mouse.

ਅਮਰ ਦਾ ਨਿਸ਼ਾਨਾ ਠੀਕ ਬੈਠਿਆ। ਤੀਰ ਸਿੱਧਾ ਅਜਗਰ ਦੇ ਗਲੇ ਵਿਚ ਧਸ ਗਿਆ ਅਤੇ ਉਹ ਮਰਕੇ ਜ਼ਮੀਨ ਤੇ ਜਾ ਡਿੱਗਿਆ। ਅਮਰ ਨੂੰ ਪੱਕਾ ਵਿਸ਼ਵਾਸ ਸੀ ਕਿ ਸਾਰੇ ਸ਼ੋਰ-ਸ਼ਰਾਬੇ ਨਾਲ ਦੈਂਤ ਜ਼ਰੂਰ ਜਾਗ ਜਾਏਗਾ, ਪਰ ਉਸਨੇ ਬੜੀ ਬਰੀਕ ਆਵਾਜ਼ ਵਿਚ ਸੁਣਿਆ, "ਬਹੁਤ ਖ਼ੂਬ? ਪਰ ਤੈਨੂੰ ਬਹੁਤ ਹੁਸ਼ਿਆਰ ਰਹਿਣ ਦੀ ਲੋੜ ਹੈ, ਵਰਨਾ ਇਹ ਦੈਂਤ ਤੈਨੂੰ ਜਿਉਂਦਿਆਂ ਹੀ ਨਿਗਲ ਜਾਏਗਾ।"
ਤ੍ਰਿਭਕਦੇ ਹੋਏ ਅਮਰ ਮੁੜਿਆ ਅਤੇ ਉਸਨੇ ਇਕ ਕੁਰਸੀ ਤੇ ਇਕ ਚੂਹੇ ਨੂੰ ਬਿਰਾਜਮਾਨ ਦੇਖਿਆ "ਮੈਂ ਰਾਜਕੁਮਾਰੀ ਨੂੰ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ," ਅਮਰ ਨੇ ਕਿਹਾ, "ਪਰ ਚਾਬੀ ਦੈਂਤ ਦੇ ਕੋਲ ਹੈ। ਕੀ ਤੂੰ ਮੇਰੀ ਮਦਦ ਕਰੇਂਗਾ?"
"ਕਿਉਂ ਨਹੀਂ" — ਚੂਹਾ ਬੋਲਿਆ।



Amar and the mouse crept towards the giant. Amar put his hand under the giant’s pillow, trying to find the key.
Suddenly, the giant turned over in his sleep and Amar was trapped.
“Help!” whispered Amar to the mouse. “How can I get free?”
The mouse thought for a moment, “I know — I’ll climb into his ear and tickle him. That should make him turn over.”

ਅਮਰ ਅਤੇ ਚੂਹਾ ਦੋਵੇਂ ਦੈਂਤ ਵੱਲ ਸਰਕ ਗਏ। ਅਮਰ ਨੇ ਚਾਬੀ ਕੱਢਣ ਵਾਸਤੇ ਆਪਣਾ ਹੱਥ ਦੈਂਤ ਦੇ ਸਰਹਾਣੇ ਹੇਠਾਂ ਵਾੜਿਆ।
ਪਰ ਅਚਾਨਕ ਦੈਂਤ ਨੇ ਪਾਸਾ ਪਲਟਿਆ ਅਤੇ ਅਮਰ ਫਸ ਗਿਆ।
‘‘ਮਦਦ ਕਰੋ!’’ ਅਮਰ ਨੇ ਦਬੀ ਅਵਾਜ਼ ਵਿਚ ਚੂਹੇ ਨੂੰ ਕਿਹਾ। ‘‘ਹੁਣ ਮੈਂ ਕਿਵੇਂ ਛੁਟ ਸਕਦਾ ਹਾਂ?’’
ਚੂਹੇ ਨੇ ਪਲ ਭਰ ਲਈ ਸੋਚਿਆ, ‘‘ਮੈਂ ਜਾਣਦਾ ਹਾਂ — ਮੈਂ ਦੈਂਤ ਦੇ ਕੰਨ ਵਿਚ ਵੜ ਕੇ ਕੁਤਕੁਤੀ ਕਰਾਂਗਾ। ਇਸ ਨਾਲ ਉਹ ਪਾਸਾ ਬਦਲ ਲਵੇਗਾ।’’



The mouse clambered into the giant's ear and tickled. But the giant didn't move, he just snorted and snuffled in his sleep. Then the mouse made a dreadful mistake — he climbed onto the giant's nose and tickled that instead.
The giant gave an enormous sneeze! It was like a hurricane and the mouse was blown across the room. Worse than that, the giant woke up!

ਚੂਹੇ ਨੇ ਦੈਂਤ ਦੇ ਕੰਨ ਵਿਚ ਵੜ ਕੇ ਕੁਤਕਤਾਇਆ। ਪ੍ਰਤੂੰ ਦੈਂਤ ਬਿਲਕੁਲ ਨਾ ਹਿੱਲਿਆ, ਬਸ ਨੀਂਦ ਵਿਚ ਹੀ ਫੁੰਕਾਰੇ ਮਾਰਦਾ ਤੇ ਗੁਣ ਗੁਣ ਕਰਦਾ ਰਿਹਾ। ਫੇਰ ਚੂਹੇ ਨੇ ਇਕ ਭਿਆਨਕ ਗਲਤੀ ਕੀਤੀ — ਉਸਨੇ ਦੈਂਤ ਦੇ ਨੱਕ ਵਿਚ ਵੜ ਕੇ ਕੁਤਕਤਾਰੀ ਕਰ ਦਿਤੀ।
ਦੈਂਤ ਨੇ ਜ਼ੋਰ ਨਾਲ ਨਿੱਛ ਮਾਰੀ। ਇਵੇਂ ਲੱਗਿਆ ਜਿਵੇਂ ਤੁਫਾਨ ਆ ਗਿਆ ਹੋਵੇ। ਚੂਹਾ ਉੱਛਲ ਕੇ ਦੂਸਰੇ ਪਾਸੇ ਜਾ ਡਿੱਗਿਆ। ਉਸ ਤੋਂ ਵੀ ਬੁਰੀ ਗੱਲ ਇਹ ਹੋਈ ਕਿ ਦੈਂਤ ਵੀ ਜਾਗ ਪਿਆ।



Amar and the mouse were terrified. Forgetting about the key, they ran out of the door.
"Come back!" roared the giant, "I'm going to eat you alive for breakfast!" He leapt out of bed and ran after them.
"What can I do?" wailed Amar, "I don't want to be eaten." Then he remembered his magic bottle. He pulled out the stopper as he ran and the sprite reappeared. Amar cried, "I *wish* this was a friendly giant!"

ਅਮਰ ਅਤੇ ਚੂਹਾ ਦੋਵੇਂ ਸਹਿਮ ਗਏ। ਚਾਬੀ ਭੁੱਲ ਕੇ ਸਿੱਧੇ ਦਰਵਾਜ਼ੇ ਤੋਂ ਬਾਹਰ ਨੂੰ ਦੌੜ ਪਏ।
"ਵਾਪਸ ਆ ਜਾਓ," ਦੈਂਤ ਜ਼ੋਰ ਨਾਲ ਗੜਕਿਆ "ਮੈਂ ਨਾਸ਼ਤੇ ਦੀ ਥਾਂ ਤੁਹਾਨੂੰ ਜਿਊਂਦਿਆਂ ਨੂੰ ਖਾ ਜਾਵਾਂਗਾ।" ਬਿਸਤਰ ਤੋਂ ਕੁਦ ਕੇ ਉਹ ਦੋਹਾਂ ਦੇ ਪਿਛੇ ਭੱਜਿਆ।
"ਹੁਣ ਮੈਂ ਕੀ ਕਰਾਂ?" ਅਮਰ ਰੋਣ ਹਾਕਾ ਹੋ ਕੇ ਬੋਲਿਆ
"ਮੈਂ ਨਹੀਂ ਚਾਹੁੰਦਾ ਕਿ ਮੈਂ ਖਾਧਾ ਜਾਵਾਂ।" ਉਸੀ ਵਕਤ ਉਸ ਨੂੰ ਆਪਣੀ ਜਾਦੂ ਦੀ ਬੋਤਲ ਦਾ ਧਿਆਨ ਆਇਆ। ਦੌੜਦੇ ਦੌੜਦੇ ਉਸ ਨੇ ਢੱਕਣ ਖੋਲ੍ਹਿਆ ਤਾਂ ਪਰੀ ਸਾਹਮਣੇ ਆ ਗਈ। ਅਮਰ ਚਿੱਲਾਇਆ, "ਕਿੰਨਾ ਚੰਗਾ ਹੁੰਦਾ ਜੇ ਇਹ ਦੈਂਤ ਇਕ ਭਲਾ-ਮਾਣਸ ਹੁੰਦਾ।"



His wish was granted. “Please come back,” the giant pleaded. “I was only joking. I’m lonely here.”
“Why don’t you free the king and his court and the princess?” suggested Amar, “You’d have lots of company then.”
“What a good idea,” said the giant, smiling. He snapped his fingers and the princess, the king, his courtiers and soldiers were all freed immediately. They were thrilled that the giant was now gentle instead of evil.
“This is certainly very exciting,” thought Amar, “but I’m tired now and I still have one last wish. I *wish* I was back on the beach with an ice-cream.”

ਉਸ ਦੀ ਇੱਛਾ ਪੂਰੀ ਹੋ ਗਈ। ਦੈਂਤ ਨੇ ਨਿਮਰਤਾ-ਪੂਰਵਕ ਪ੍ਰਾਥਨਾ ਕਰਦੇ ਹੋਏ ਕਿਹਾ, “ਵਾਪਸ ਆ ਜਾਓ ਮੈਂ ਤਾਂ ਸਿਰਫ ਮਜ਼ਾਕ ਹੀ ਕਰ ਰਿਹਾ ਸਾਂ। ਮੈਂ ਇਥੇ ਇਕੱਲਾ ਮਹਿਸੂਸ ਕਰਦਾ ਹਾਂ।” “ਤਾਂ ਤੂੰ ਰਾਜਾ, ਉਸਦੇ ਦਰਬਾਰੀਆਂ ਅਤੇ ਰਾਜਕੁਮਾਰੀ ਨੂੰ ਕਿਉਂ ਨਹੀਂ ਛੱਡ ਦਿੰਦਾ?” ਅਮਰ ਨੇ ਸੁਝਾਓ ਦਿਤਾ, “ਫੇਰ ਤਾਂ ਤੈਨੂੰ ਬਹੁਤ-ਸਾਰੇ ਸਾਥੀ ਮਿਲ ਜਾਣਗੇ।” “ਕਿੰਨਾ ਚੰਗਾ ਵਿਚਾਰ ਹੈ,” ਮੁਸਕਰਾਉਂਦਿਆਂ ਦੈਂਤ ਬੋਲਿਆ। ਉਸਨੇ ਆਪਣੀਆਂ ਉਂਗਲੀਆਂ ਨੂੰ ਚਟਕਾਇਆ ਤਾਂ ਇਕ ਦਮ ਰਾਜਕੁਮਾਰੀ, ਰਾਜਾ, ਉਸਦੇ ਦਰਬਾਰੀ ਅਤੇ ਸੈਨਕ ਸਭ ਅਜ਼ਾਦ ਹੋ ਗਏ। ਸਾਰੇ ਪ੍ਰਸੰਨ ਹੋ ਗਏ ਕਿਉਂਕਿ ਦੈਂਤ ਹੁਣ ਦੁਸ਼ਟ ਹੋਣ ਦੀ ਥਾਂ ਭਲਾ ਬਣ ਗਿਆ ਸੀ। “ਇਹ ਤਾਂ ਸਚਮੁਚ ਲੂੰ ਖੜੇ ਕਰਨ ਵਾਲਾ ਅਨੁਭਵ ਸੀ,” ਅਮਰ ਨੇ ਸੋਚਿਆ, “ਪਰ ਮੈਂ ਹੁਣ ਥੱਕ ਗਿਆ ਹਾਂ ਅਤੇ ਅਜੇ ਵੀ ਮੇਰੇ ਪਾਸ ਇਕ ਵਰ ਬਾਕੀ ਹੈ। ਕਾਸ਼ ਮੈਂ ਆਈਸ ਕਰੀਮ ਲੈਕੇ ਸਮੁੰਦਰ ਕੰਢੇ ਵਾਪਸ ਪਹੁੰਚ ਜਾਵਾਂ।”



“Are you sure?” asked the sprite, “This *is* your last wish.”
“Yes, I am,” replied Amar. Immediately he was back on the beach.
“Where have you been Amar?” asked his mother.
“I went to free a princess,” said Amar, “and I killed a dragon and got chased by a giant.”
“What a dreamer you are,” said his father. “It must be the heat.”
“Then let’s go and get ice-creams to cool off,” said his mother.
“It’s good to be back,” said Amar. “You don’t get ice-creams in adventures!”

“ਕੀ ਤੂੰ ਸਚਮੁਚ ਇਹੀ ਚਾਹੁੰਦਾ ਹੈਂ?” ਪਰੀ ਨੇ ਪੁਛਿਆ, “ਇਹ ਤੇਰਾ ਆਖਰੀ ਵਰ ਹੋਵੇਗਾ।” “ਹਾਂ ਮੈਂ ਇਹੋ ਮੰਗਦਾ ਹਾਂ,” ਅਮਰ ਨੇ ਜਵਾਬ ਦਿੱਤਾ। ਤੁਰੰਤ ਉਹ ਵਾਪਸ ਸਮੰਦਰ ਕੰਢੇ ਪਹੁੰਚ ਗਿਆ। “ਤੂੰ ਇੰਨੀ ਦੇਰ ਕਿਥੇ ਸੀ ਅਮਰ?” ਉਸਦੀ ਮਾਂ ਨੇ ਪੁਛਿਆ। “ਮੈਂ ਇਕ ਰਾਜਕੁਮਾਰੀ ਨੂੰ ਛੁਡਾਉਣ ਗਿਆ ਸੀ,” ਅਮਰ ਨੇ ਉੱਤਰ ਦਿਤਾ, “ਮੈਂ ਇਕ ਅਜਗਰ ਨੂੰ ਮਾਰ ਸੁਟਿਆ ਅਤੇ ਇਕ ਦੈਂਤ ਮੇਰੇ ਪਿੱਛੇ ਪੈ ਗਿਆ।” “ਤੂੰ ਵੀ ਕਿਸ ਤਰ੍ਹਾਂ ਦਾ ਸ਼ੇਖ-ਚਿੱਲੀ ਹੈਂ” ਉਸਦੇ ਪਿਤਾ ਨੇ ਕਿਹਾ। “ਜ਼ਰੂਰ ਗਰਮੀ ਕਾਰਨ ਹੀ ਤੈਨੂੰ ਇਉਂ ਲਗਾ ਹੋਵੇਗਾ।” “ਤਾਂ ਚੱਲ ਕੇ ਠੰਡਕ ਵਾਸਤੇ ਆਈਸਕਰੀਮ ਖਾਈਏ,” ਉਸਦੀ ਮਾਂ ਬੋਲੀ। “ਵਾਪਸ ਆਉਂਣਾ ਮੈਨੂੰ ਚੰਗਾ ਲਗਿਆ,” ਅਮਰ ਬੋਲਿਆ — “ਸਾਹਸੀ ਕੰਮਾਂ ਵਿਚ ਆਈਸਕਰੀਮ ਨਹੀਂ ਮਿਲਦੀ।”



magi

Published in 1987 by Magi Publications, in association with Star Books International,
55 Crowland Avenue, Hayes, Middx UB3 4JP
01-388 9832/387 0610

Printed by Lithosphere Printing Co-operative (TU), 203 Pentonville Road, London N1 9NF
Telephone 01-833 2526

English only:
ISBN Paperback 1 870271 25 4
ISBN Hardback 1 870271 26 2

English-Punjabi:
ISBN Paperback 1 870271 15 7
ISBN Hardback 1 870271 16 5

Titles available from Magi Publications:

AMAR'S LAST WISH by Parvez Akhtar
Illustrated by Keir Wickenham

	Paperback £3.50	Hardback £5.50
English-Bengali	1 870271 00 9	1 870271 01 7
English-Gujarati	1 870271 05 X	1 870271 06 8
English-Hindi	1 870271 10 6	1 870271 11 4
English-Punjabi	1 870271 15 7	1 870271 16 5
English-Urdu	1 870271 20 3	1 870271 21 1
English only	1 870271 25 4	1 870271 26 2

NAUGHTY BINI by Mamta Bhatia
Illustrated by Keir Wickenham


	Paperback £3.50	Hardback £5.50
English-Bengali	1 870271 30 0	1 870271 31 9
English-Gujarati	1 870271 35 1	1 870271 36 X
English-Hindi	1 870271 40 8	1 870271 41 6
English-Punjabi	1 870271 45 9	1 870271 46 7
English-Urdu	1 870271 50 5	1 870271 51 3
English only	1 870271 55 6	1 870271 56 4

ANITA AND THE MAGICIAN by Swaran Chandan
kenham

	Paperback £3.50	Hardback £5.50
	1 870271 60 2	1 870271 61 0
	1 870271 65 3	1 870271 66 1
	1 870271 70 X	1 870271 71 8
	1 870271 75 0	1 870271 76 9
	1 870271 80 7	1 870271 81 5
	1 870271 85 8	1 870271 86 6

ocal bookshop or library.

ontact:
5 Crowland Avenue, Hayes, Middx UB3 4JP
0610



ਪੰਜਾਬੀ ਤੇ ਅੰਗ੍ਰੇਜ਼ੀ

ਅਮਰ ਦੀ ਆਖਰੀ ਇੱਛਾ

ਲੇਖਕ: ਪਰਵੇਜ਼ ਅਖਤਰ
ਚਿਤ੍ਰਕਾਰ: ਕੀਅਰ ਵਿਕਨ੍ਹਮ
ਸੰਪਾਦਕਾ: ਗੇਲ ਚੈਸਟਰ

Price £3.50 Net (UK only)
ISBN 1 870271 15 7